# ਪ੍ਰੈਸ ਰਲੀਜ਼

## ਸਿੱਖ ਕੇਵਲ ਦਲਿਤ ਹੀ ਹਨ- ਡਾ ਸਵਰਨਜੀਤ ਸਿੰਘ

**ਸ਼ਿਕਾਗੋ:** (ਸਤੰਬਰ 4, 2010) ਇੰਸਟੀਚਿਊਟ ਫ਼ਾਰ ਕੰਨਫ਼ਲਿਕਟ ਐਂਡ ਪੀਸ ਸਟੱਡੀਜ਼ (ਇਫ਼ਕੈਪਸ) ਵੱਲੋਂ ਏਸ਼ੀਅਨ ਅਮਰੀਕਨ ਸੀਨੀਅਰਜ਼ ਐਸੋਸ਼ੀਏਸ਼ਨ ( ਆਸ਼ਾ) ਅਤੇ ਅਕਾਲ ਫ਼ਾਊਡੇਸ਼ਨ (ਸ਼ਿਕਾਗੋ) ਦੇ ਸਹਿਯੋਗ ਨਾਲ ਇਕ ਭਰਵਾਂ ਇਕੱਠ ਪੈਲਾਟਾਇਨ ਲਾਇਬ੍ਰੇਰੀ ਵਿਚ ਗਿਆਨੀ ਦਿੱਤ ਸਿੰਘ ਜੀ ਦੀ ਯਾਦ ਵਿਚ ਹੋਇਆ, ਜਿਸ ਵਿਚ ਚਾਰ ਘੰਟੇ ਦੇ ਲੰਮੇਂ ਵਕਫ਼ੇ ਦੌਰਾਨ "***ਇਕ ਵਾਰਤਾਲਾਪ: ਸਿੱਖ-ਦਲਿਤ ਰਿਸ਼ਤਿਆਂ ਦਾ ਭਵਿੱਖ***" ਵਿਸ਼ੇ ਤੇ ਚਰਚਾ ਹੋਈ। ਭਵਿੱਖ ਦੇ ਇਹਨਾਂ ਰਿਸ਼ਤਿਆਂ ਬਾਰੇ ਪ੍ਰੋ. ਜੋਗਿੰਦਰ ਸਿੰਘ ਰਮਦੇਵ,  ਰਾਮ ਲਾਲ, ਡਾ. ਬਲਦੇਵ ਸਿੰਘ, ਡਾ. ਸਵਰਨਜੀਤ ਸਿੰਘ ਅਤੇ ਪ੍ਰੋ. ਕੁਲਵੰਤ ਸਿੰਘ ਹੁੰਦਲ ਆਪਣੇ ਵਿਚਾਰ ਪ੍ਰਗਟ ਕੀਤੇ।

ਪ੍ਰੋਗਰਾਮ ਦੀ ਸ਼ੁਰੂਆਤ ਇਫ਼ਕੈਪੋਸ ਦੇ ਪ੍ਰਧਾਨ ਸ. ਸਾਧੂ ਸਿੰਘ ਰਿਖੀਰਾਜ ਨੇ ਮੁੱਖ ਮਹਿਮਾਨ ਤੇ ਭਰਵੇਂ ਇਕੱਠ ਨੂੰ ਜੀ ਆਇਆ ਕਹਿੰਦਿਆ ਕੀਤੀ ਕਿ ਗਿਆਨੀ ਦਿੱਤ ਸਿੰਘ ਸਿੱਖ ਜਗਤ ਦੀ ਮਾਨ ਹਸਤੀ ਸਨ ਜਿਨ੍ਹਾਂ ਨੇ ਸਿੱਖੀ ਦੀ ਵਿਲੱਖਣ ਹੋਂਦ ਨੂੰ ਸਥਾਪਤ ਕਰਨ ਲਈ ਕਲਮ ਦੀ ਤਕਤ ਨੂੰ ਵਰਤਿਆ ਅਤੇ ਸਾਨੂੰ ਅੱਜ ਵੀ ਉਹਨਾਂ ਕਲਮਾਂ ਦੀ ਉਡੀਕ ਹੈ ਜੋ ਵਪਾਰਕ ਨਾ ਹੋ ਕੇ ਪੰਥ ਨੂੰ ਸਮਰਪਤ ਹੋਣ।

ਇਫ਼ਕੈਪਸ ਦੇ ਅਗਜ਼ੈਕਟਿਵ  ਡਾਇਰੈਕਟਰ ਡਾ. ਸਵਰਨਜੀਤ ਸਿੰਘ ਨੇ ਕਿਹਾ, "ਗੁਰੂ ਨਾਨਕ ਸਾਹਿਬ ਵੱਲੋਂ ਵਰਤਿਆਂ ਸ਼ਬਦ ਨੀਚਾ ਅੰਦਰ ਨੀਚ ਸਪਸ਼ਟ ਤੌਰ ਤੇ ਸਿੱਖ ਦੀ ਹੋਂਦ ਦਲਿਤ ਨਿਸ਼ਚਿਤ ਕਰਦਾ ਹੈ। ਸਿੱਖ ਕੇਵਲ ਦਲਿਤ ਹੀ ਹੈ, ਇਸ ਤੋਂ ਬਿਨਾਂ ਹੋਰ ਕੁਝ ਨਹੀਂ। ਡਾ. ਅੰਬੇਦਕਰ ਸਾਹਿਬ ਇਕ ਰੌਸ਼ਨ ਜ਼ਮੀਨ ਇਨਸਾਨ ਸਨ। ਪਰ ਜੇਕਰ ਉਹਨਾਂ ਨੇ ਉਸ ਵਕਤ ਸਿੱਖ ਆਗੂਆਂ ਦੀਆਂ ਨਿਰਾਸ਼ਾਜਨਕ ਟਿੱਪਣੀਆਂ ਤੋਂ ਕਿਨਾਰਾ ਕਰਕੇ ਸਿੱਖੀ ਨੂੰ ਧਾਰਿਆ ਹੁੰਦਾ ਤਾਂ ਅੱਜ ਨਾ ਦਲਿਤਾਂ ਨੂੰ ਇਹ ਵੇਖਣੇ ਪੈਂਦੇ ਅਤੇ ਨਾ ਹੀ ਦਰਿਆਵਾਂ ਦੇ ਨਿਰਮਲ ਪਾਣੀਆਂ ਵਰਗੀ ਸਿੱਖੀ ਦਾ ਅੱਜ ਹਾਲ ਝੀਲ ਦੇ ਪਾਣੀਆਂ ਵਰਗਾ ਹੁੰਦਾ। ਸਿੱਖੀ ਵਿਚ ਪ੍ਰਵੇਸ਼ ਕਰਨ ਲਈ ਨਾ ਅੰਬੇਦਕਰ ਸਾਹਿਬ ਨੂੰ ਸਿੱਖ ਲੀਡਰਾਂ ਤੋਂ ਇਜਾਜ਼ਤ ਲੈਣ ਦੀ ਲੋੜ ਸੀ ਅਤੇ ਨਾ ਹੀ ਅੱਜ ਅੰਬੇਦਕਰ ਸਾਹਿਬ ਦੇ ਭਾਈਚਾਰੇ ਨੂੰ। ਅੱਜ ਨਾ ਤਾਂ ਸਿੱਖਾਂ ਸਮਾਜ ਅੰਦਰ ਸਿੱਖੀ ਦਾ ਬੋਲਬਾਲਾ ਜਿਉਂਦਾ ਹੈ, ਨਾ ਹੀ ਦੁਨੀਆਂ ਦੀਆਂ ਦੋ ਵੱਡੀਆਂ ਅਤੇ ਪੁਰਾਣੀਆਂ ਲੋਕਤਾਂਤ੍ਰਿਕ ਪ੍ਰਣਾਲੀ ਦੀਆਂ ਤਾਕਤਾਂ ਅਮਰੀਕਾ ਅਤੇ ਭਾਰਤ ਵਿਚ ਲੋਕਤੰਤਰ ਇਹਨਾਂ ਅੰਦਰ ਉੱਠ ਰਹੇ ਜਾਤੀਵਾਦ ਅਤੇ ਨਸਲੀ ਰੁਝਾਨ ਕਰਕੇ ਕਾਇਮ ਰਹਿ ਸਕਿਆ ਹੈ। ਅੱਜ ਦੱਖਣੀ ਏਸ਼ੀਆਂ ਵਿਚ ਇਕ ਲੜਾਈ ਦਾ ਮੁੱਢ ਬੱਝ ਚੁੱਕਾ ਹੈ। ਆਸਟਰੀਆ ਵਿਚ ਹੋਏ ਦਲਿਤ ਲੀਡਰ ਦੇ ਕਤਲ ਨਾਲ ਪੰਜਾਬ ਜਿਸ ਮੁਹਾਣ ਵਿਚੋਂ ਗੁਜ਼ਰਿਆ ਹੈ, ਉਸ ਨਾਲ ਭਵਿੱਖ ਵਿਚ ਕਿਸੇ ਵੀ ਸਮੇਂ ਪੰਜਾਬ ਦੇ ਸਿਵਲ ਵਾਰ ਵਿਚ ਗ੍ਰਿਫ਼ਤ ਹੋ ਜਾਣ ਦਾ ਆਰੰਭ ਹੋ ਚੁੱਕਾ ਹੈ। ਅੱਜ ਪੰਜਾਬ ਸਿਵਲ ਵਾਰ ਦੀ ਦਹਿਲੀਜ਼ ਤੇ ਖੜ੍ਹਾ ਹੈ। ਇਸ ਵਰਤਾਰੇ ਨੂੰ ਰੋਕਣ ਲਈ ਲੋਕਤਾਂਤ੍ਰਿਕ ਪ੍ਰਕ੍ਰਿਆਂ ਵਿਚ ਦਲਿਤਾਂ ਦੀ ਵਧ ਰਹੀ ਨੰਬਰਾਂ ਦੀ ਗਿਣਤੀ ਦੇ ਨਾਲ ਉਹ ਰਾਜਸੀ ਬਦਲ ਲਈ ਹੰਭਲਾ ਮਾਰਨ ਅਤੇ ਆਪਣੇ ਧਾਰਮਕ ਪੰਧ ਨੂੰ ਗਿਆਨੀ ਦਿੱਤ ਸਿੰਘ ਦੇ ਵਿਖਾਏ ਰਾਹਾਂ ਤੇ ਚੱਲ ਕੇ ਸਾਕਾਰ ਕਰਨ।"

ਪ੍ਰੋ. ਜੁਗਿੰਦਰ ਸਿੰਘ ਰਮਦੇਵ ਨੇ ਇਤਿਹਾਸ ਦੇ ਲੰਮੇਂ ਵਰਤਾਰੇ ਦੀ ਵਿਆਖਿਆਂ ਕਰਦੇ ਹੋਏ ਦਲਿਤਾਂ ਦੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਵੇਰਵਾ ਦਿੰਦੇ ਹੋਏ ਕਿਹਾ ਕਿ ਸਿੱਖ ਸਮਾਜ ਜਿਸ ਤਰ੍ਹਾਂ ਸਿੱਖੀ ਤੋਂ ਟੁੱਟਿਆ ਹੋਇਆ ਹੈ ਇਸ ਦੇ ਭਵਿੱਖਤ ਨਤੀਜੇ ਮਾੜੇ ਹੋਣਗੇ ਅਤੇ ਸਾਨੂੰ ਭਵਿੱਖ ਵਿਚ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਡਾ. ਬਲਦੇਵ ਸਿੰਘ ਨੇ ਕਿਹਾ ਕਿ ਅੱਜ ਸਾਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਉਹਨਾਂ ਤਕਨੀਕਾਂ ਨੂੰ ਵਰਤਣ ਦੀ ਲੋੜ ਹੈ ਜਿਨ੍ਹਾਂ ਦੀ ਗਿਆਨੀ ਜੀ ਨੇ ਵਰਤੋਂ ਕੀਤੀ ਸੀ। ਇਫ਼ਕੈਪਸ ਦੇ ਅਗਜ਼ੈਕਟਿਵ ਸੈਕ੍ਰੇਟਰੀ ਪ੍ਰੋ. ਕੁਲਵੰਤ ਸਿੰਘ ਹੁੰਦਲ ਨੇ ਕਿਹਾ ਕਿ ਸਿੱਖ ਸਮਾਜ ਅੰਦਰ ਫੈਲਿਆਂ ਦਲਿਤ ਵਿਰੋਧੀ ਰੁਝਾਨ ਮੰਦਭਾਗਾ ਹੈ। ਸਿੱਖਾਂ ਨੂੰ ਇਸ ਰੁਝਾਨ ਤੋਂ ਮੁਕਤ ਹੋਣ ਲਈ ਆਪਣੇ ਜੀਵਨ ਵਿਚ ਸਿੱਖੀ ਨੂੰ ਲਿਆਉਣਾ ਪਵੇਗਾ।

ਇਸ ਭਖਵੀ ਬਹਿਸ ਵਿਚ ਸ਼ਿਰਕਤ ਕਰਨ ਵਾਲਿਆਂ ਵਿਚ ਮੁੱਖ ਤੌਰ ਤੇ ਗੌਰਵ ਸਿੰਘ , ਹਰਮੀਤ ਸਿੰਘ, ਗਿੰਨੀ, ਭਾਈ ਮਹਿੰਦਰ ਸਿੰਘ, ਸੁਰਿੰਦਰਪਾਲ ਸਿੰਘ ਕਾਲੜਾ ਅਤੇ ਰਾਮ ਲਾਲ ਆਦਿ ਸ਼ਾਮਲ ਸਨ। ਰਾਮ ਲਾਲ ਨੇ ਕਿਹਾ ਕਿ ਜਿਸ ਤਰ੍ਹਾਂ ਇਫ਼ਕੈਪਸ ਨੇ ਇਸ ਸਮੱਸਿਆਂ ਨੂੰ ਸਾਹਮਣੇ ਲਿਆ ਕੇ ਇਸ ਦੇ ਹੱਲ ਲਈ ਸਾਰਥਕ ਰਾਹਾਂ ਨੂੰ ਲੱਭਣ ਦਾ ਯਤਨ ਆਰੰਭਿਆ ਹੈ ਉਹ ਸਲਾਘਾਯੋਗ ਹੈ। ਉਹਨਾਂ ਕਿਹਾ ਕਿ ਸਾਡੀ ਬਹੁਤ ਵੱਡੀ ਸਮੱਸਿਆ ਹੈ ਕਿ ਸਿੱਖੀ ਦੀ ਸਿਰਮੌਰ ਸੰਸਥਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਾਡੇ ਵਾਸਤੇ ਕੋਈ ਪ੍ਰੋਗਰਾਮ ਹੀ ਨਹੀਂ ਹੈ। ਜਦੋਂ ਇਹਨਾਂ ਕੋਲ ਸਾਡੇ ਵਾਸਤੇ ਕੋਈ ਪ੍ਰੋਗਰਾਮ ਹੀ ਨਹੀਂ ਹੈ ਅਤੇ ਇਹਨਾਂ ਨੂੰ ਸਾਡੀਆਂ ਸਮੱਸਿਆਵਾਂ ਦਾ ਚਿਤ-ਚੇਤਾ ਨਹੀਂ ਤਾਂ ਅਜਿਹੇ ਵਰਤਾਰੇ ਵਿਚ ਸਾਡੇ ਭਾਈਚਾਰੇ ਦਾ ਨਿਤ ਦੀਆ ਲੋੜਾਂ ਨੂੰ ਪੂਰਨ ਲਈ ਡੇਰਿਆਂ ਵੱਲ ਜਾਣਾ ਅਣਸਰਦੀ ਲੋੜ ਹੈ। ਉਹਨਾਂ ਭਰੇ ਮਨ ਨਾਲ ਕਿਸੀ ਗੁੱਝੀ ਸੱਟ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਭਾਈ ਸਾਡੇ ਭਾਈਚਾਰੇ ਕਲ ਇੰਨੀ ਹਿੰਮਤ ਨਹੀਂ ਕਿ ਅਸੀਂ ਭਾਈ ਸਾਹਿਬ ਵਰਗਾ ਚਿੱਟਾ ਚੋਲਾ ਪਾ ਸਕੀਏ।

ਅਖੀਰ ਵਿਚ ਠਾਕਰ ਸਿੰਘ ਬਸਾਤੀ ਨੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਅਤੇ ਬਹਿਸ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਠਾਕਰ ਸਿੰਘ ਬਸਾਤੀ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਰਵਨੀਤ ਸਿੰਘ ਗਰੇਵਾਲ, ਹਰਮੀਤ ਸਿੰਘ ਅਤੇ ਇੰਦਰਜੀਤ ਸਿੰਘ ਮੁੱਕਰ ਨੇ ਅਹਿਮ ਭੂਮਿਕਾ ਨਿਭਾਈ।